# 3

# ਬਪਤਿਸਮੇ ਦੀ ਸਮਝ, ਵਿਸ਼ਵਾਸ ਅਤੇ ਸੰਕਲਪ

*''ਕਿਉਂਕਿ ਜਿਹੜੇ ਸੁੰਨਤੀ ਹਨ ਓਹ ਆਪ ਵੀ ਸ਼ਰ੍ਹਾ ਦੀ ਪਾਲਣਾ ਨਹੀਂ ਕਰਦੇ ਪਰ ਓਹ ਤੁਹਾਡੀ ਸੁੰਨਤ ਕਰਾਉਣੀ ਚਾਹੁੰਦੇ ਹਨ ਭਈ ਤੁਹਾਡੇ ਹੀ ਸਰੀਰ ਉੱਤੇ ਅਭਮਾਨ ਕਰਨ। ਪਰ ਮੈਥੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਅਭਮਾਨ ਕਰਾਂ ਬਿਨਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ ਜਿਹ ਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ। ਕਿਉਂ ਜੋ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸਰਿਸ਼ਟ''* (ਗਲਾਤੀਆਂ 6:13–15)।

ਖ਼ੁਦਾ ਦੀ ਨਜ਼ਰ ਵਿਚ ਜਿਸਮਾਨੀ ਕੰਮਾਂ ਦੀ ਅਹਿਮੀਅਤ ਹੈ। ਇਹ ਇਸ ਤੱਥ ਤੋਂ ਸਾਫ਼ ਹੋ ਜਾਂਦਾ ਹੈ ਕਿ ਸ਼ਰ੍ਹਾ ਦੇ ਅਧੀਨ ਬੇਸੁੰਨਤੇ ਨਰ ਨੂੰ ਲੋਕਾਂ ਵਿੱਚੋਂ ਛੇਕ ਦਿੱਤਾ ਜਾਂਦਾ ਸੀ (ਉਤਪਤ 17:14)। ਪਰ ਸੁੰਨਤ ਦੇ ਬਾਵਜੂਦ ਜਿਸ ਆਦਮੀ ਦੀ ਜ਼ਿੰਦਗੀ ਸਹੀ ਨਹੀਂ ਹੁੰਦੀ ਸੀ ਉਸ ਨੂੰ ਵੀ ਬੇਸੁੰਨਤਾ ਹੀ ਮੰਨਿਆ ਜਾਂਦਾ ਸੀ (ਰੋਮੀਆਂ 2:25)। ਇਸੇ ਤਰ੍ਹਾਂ ਬਪਤਿਸਮੇ ਦਾ ਮਹੱਤਵ ਤਾਂ ਹੀ ਹੈ ਜੇ ਅਸੀਂ ਇਸ ਨਾਲ ਜੁੜੇ ਰੂਹਾਨੀ ਨਿਯਮਾਂ ਨੂੰ ਦਿਲੋਂ *ਮੰਨਦੇ* ਹਾਂ। ਇਸ ਵਿਚ ਨਾ ਸਿਰਫ਼ ਸਾਡੇ ਜਿਸਮਾਨੀ ਕਾਰਜ ਬਲਕਿ ਮਨ ਦੇ ਕੰਮ ਵੀ ਸ਼ਾਮਿਲ ਹਨ।

ਖ਼ੁਦਾ ਨੇ ਆਪਣੇ ਨਾਲ ਸਾਡੇ ਬਾਰੇ ਕਦੇ ਵੀ ਬੇਕਾਰ ਕੰਮਾਂ ਦੀ ਸ਼ਰਤ ਨਹੀਂ ਰੱਖੀ ਭਾਵ ਕੰਮਾਂ ਦੇ ਨਾਲ ਨਾਲ ਉਹ ਸਾਡੇ ਦਿਲਾਂ ਨੂੰ ਵੀ ਵੇਖਦਾ ਹੈ। ਸਮੂਏਲ ਨੇ ਅਲੀਆਬ ਦੇ ਕੱਦ–ਕਾਠ ਨੂੰ ਵੇਖ ਕੇ ਗ਼ਲਤ ਨਿਚੋੜ ਕੱਢਿਆ ਸੀ ਕਿ ਖ਼ੁਦਾ ਅਲੀਆਬ ਨੂੰ ਇਸਰਾਏਲ ਦਾ ਰਾਜਾ ਬਣਾਉਣ ਲਈ ਚੁਣਨ ਵਾਲਾ ਹੈ। ਖ਼ੁਦਾ ਨੇ ਉਸ ਨੂੰ ਦੱਸਿਆ ਕਿ ''ਉਹ ਦੇ ਮੂੰਹ ਉੱਤੇ ਅਤੇ ਉਹ ਦੀ ਲੰਮਾਣ ਵੱਲ ਨਾ ਵੇਖ ਕਿਉਂ ਜੋ ਉਹ ਨੂੰ ਮੈਂ ਨਹੀਂ ਮੰਨਿਆ, ਯਹੋਵਾਹ ਜੋ ਮਨੁੱਖ ਵਾਂਙੁ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ ਯਹੋਵਾਹ ਹਿਰਦੇ ਨੂੰ ਵੇਖਦਾ ਹੈ'' (1 ਸਮੂਏਲ 16:7)।

ਖ਼ੁਦਾ ਸਾਥੋਂ ਮਸੀਹ ਨਾਲ ਸਲੀਬ ਦਿੱਤੀ ਭਾਵ ਇਕ ਨਵੀਂ ਜ਼ਿੰਦਗੀ ਚਾਹੁੰਦਾ ਹੈ (ਗਲਾਤੀਆਂ 6:14, 15)। ਜੇ ਬਪਤਿਸਮਾ ਲੈਣ ਵੇਲੇ ਅਸੀਂ ਨਵੀਂ ਜ਼ਿੰਦਗੀ ਵਿਚ ਦਾਖ਼ਲ ਨਹੀਂ ਹੁੰਦੇ ਹਾਂ ਤਾਂ ਸਾਡੇ ਬਪਤਿਸਮਾ ਲੈਣ ਦਾ ਕੋਈ ਫ਼ਾਇਦਾ ਨਹੀਂ ਹੈ; ਕਿਉਂਕਿ ਬਪਤਿਸਮੇ ਨਾਲ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਨਵੀਂ ਜ਼ਿੰਦਗੀ ਹੋਣੀ ਲਾਜ਼ਮੀ ਹੈ (ਰੋਮੀਆਂ 6:4)।

ਪੌਲੁਸ ਦੀ ਜ਼ਿੰਦਗੀ ਇਸ ਬਦਲਾਅ ਵਿਚ ਇਕ ਜ਼ਬਰਦਸਤ ਉਦਾਹਰਣ ਹੈ। ਬਪਤਿਸਮਾ ਲੈ ਕੇ ਉਸ ਨੇ ਆਪਣੇ ਪੁਰਾਣੇ ਮਨੁੱਖ ਨੂੰ ਮਾਰ ਦਿੱਤਾ ਅਤੇ ਯਿਸੂ ਲਈ ਨਵੀਂ ਜ਼ਿੰਦਗੀ ਜੀਣ ਲੱਗ ਪਿਆ। ਰੋਮੀਆਂ 6:4–6 ਵਿਚ ਉਹ ਸਾਨੂੰ ਦੱਸਦਾ ਹੈ:

> ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦਫ਼ਨਾਏ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ। ਜਦ ਅਸੀਂ ਉਹ ਦੀ ਮੌਤ

ਦੀ ਸਮਾਨਤਾ ਵਿਚ ਉਹ ਦੇ ਨਾਲ ਜੋੜੇ ਗਏ ਤਾਂ ਉਹ ਦੇ ਜੀ ਉੱਠਣ ਦੀ ਸਮਾਨਤਾ ਵਿਚ ਵੀ ਹੋਵਾਂਗੇ। ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ।

ਪੌਲੁਸ ਨੇ ਇਸ ਨੂੰ ਇਵੇਂ ਲਿਖਿਆ, ''ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜਿਉਂਦਾ ਸਗੋਂ ਮਸੀਹ ਮੇਰੇ ਵਿਚ ਜਿਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿਚ *ਭੋਗਦਾ ਹਾਂ* ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ'' (ਗਲਾਤੀਆਂ 2:20)।

## ਸਾਨੂੰ ਜੋ ਪਤਾ ਹੋਣਾ ਜ਼ਰੂਰੀ ਹੈ

ਰਸੂਲਾਂ ਦੇ ਕੰਮ ਕਿਤਾਬ ਵਿਚ ਮਸੀਹੀ ਬਣਨ ਵਾਲੇ ਲੋਕਾਂ ਨੂੰ ਉਸੇ ਦਿਨ ਬਪਤਿਸਮਾ ਲਿਆ ਸੀ ਜਿਸ ਦਿਨ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਬਪਤਿਸਮਾ ਲੈਣਾ ਜ਼ਰੂਰੀ ਹੈ। ਜਿਸ ਕਰਕੇ ਕੁਝ ਲੋਕਾਂ ਦਾ ਨਿਚੋੜ ਹੈ ਕਿ ਸਾਡੇ ਲਈ ਐਨਾ ਜਾਣਨਾ ਹੀ ਕਾਫ਼ੀ ਹੈ ਕਿ ਖ਼ੁਦਾ ਨੇ ਬਪਤਿਸਮੇ ਦਾ ਹੁਕਮ ਦਿੱਤਾ ਹੈ, ਪਰ ਇਸ ਤੋਂ ਵੱਧ ਸਿਖਾਇਆ ਗਿਆ ਸੀ, ਜਿਸ ਦਾ ਅਰਥ ਇਹ ਹੈ ਕਿ ਬਪਤਿਸਮਾ ਲੈਣ ਵਾਲਿਆਂ ਨੂੰ ਇਸ ਤੋਂ ਵੱਧ ਪਤਾ ਹੋਣਾ ਜ਼ਰੂਰੀ ਹੈ। ਹੇਠਾਂ ਕੁਝ ਸੱਚਾਈਆਂ ਦਿੱਤੀਆਂ ਗਈਆਂ ਹਨ ਜੋ ਮਰਦਾਂ ਅਤੇ ਔਰਤਾਂ ਨੂੰ ਯਿਸੂ ਦੇ ਚੇਲੇ ਬਣਨ ਲਈ ਸਮਝਾਉਣ ਵਾਸਤੇ ਦੱਸੀਆਂ ਗਈਆਂ ਸਨ:

1. *ਸੱਚਾ ਖ਼ੁਦਾ ਇੱਕੋ ਹੈ* (ਰਸੂਲਾਂ ਦੇ ਕੰਮ 3:13; 14:15; 17:23–31)। ਯਹੂਦੀਆਂ ਵਿਚ ਲੋਕਾਂ ਨੂੰ ਬਚਾਏ ਜਾਣ ਬਾਰੇ ਸਮਝਾਉਣ ਲਈ, ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਖ਼ੁਦਾ ਬਾਰੇ ਦੱਸਿਆ ਗਿਆ ਸੀ। ਬਾਅਦ ਵਿਚ ਪੌਲੁਸ ਨੇ ਪਰਾਈਆਂ ਕੌਮਾਂ ਨੂੰ ਜ਼ਮੀਨ ਅਤੇ ਅਸਮਾਨ ਦੇ ਰਚਣਹਾਰੇ ਜ਼ਿੰਦਾ ਖ਼ੁਦਾ ਬਾਰੇ ਦੱਸਿਆ।

2. *ਯਿਸੂ ਪ੍ਰਭੂ ਅਤੇ ਮਸੀਹ ਭਾਵ ਖ਼ੁਦਾ ਦਾ ਬੇਟਾ ਹੈ* (ਰਸੂਲਾਂ ਦੇ ਕੰਮ 2:36; 4:10, 11; 5:42; 9:20, 22; 10:36; 17:3; 18:5, 28)। ਰੂਹਾਨੀ ਜ਼ਿੰਦਗੀ ਇਸ ਵਿਸ਼ਵਾਸ ਤੇ ਅਧਾਰਿਤ ਹੈ ਕਿ ਯਿਸੂ ਹੀ ਮਸੀਹ ਭਾਵ ਖ਼ੁਦਾ ਦਾ ਪੁੱਤਰ ਹੈ (ਯੂਹੰਨਾ 20:30, 31)।

3. *ਮੁਕਤੀ ਪ੍ਰਭੂ ਦੇ ਵਚਨ ਨਾਲ ਮਿਲਦੀ ਹੈ* (ਰਸੂਲਾਂ ਦੇ ਕੰਮ 11:14; 16:32; 2 ਤਿਮੋਥਿਉਸ 4:2 ਵੀ ਵੇਖੋ)।

4. *ਯਿਸੂ ਮੁਕਤੀਦਾਤਾ ਹੈ।* ਪੂਰੀ ਖੁਸ਼ਖਬਰੀ ਅਰਥਾਤ ਇੰਜੀਲ ਦਾ ਪ੍ਰਚਾਰ ਕੀਤਾ ਗਿਆ ਸੀ ਜਿਸ ਵਿਚ ਯਿਸੂ ਦੀ ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਵੀ ਸ਼ਾਮਿਲ ਸੀ (ਰਸੂਲਾਂ ਦੇ ਕੰਮ 2:32; 8:5, 25, 35; 14:7, 21; 16:10; 1 ਕੁਰਿੰਥੀਆਂ 2:1, 2; 15:1–4)।

5. *ਯਿਸੂ ਦੇ ਬਗੈਰ ਅਸੀਂ ਗੁਆਚੇ ਹੋਏ ਹਾਂ ਅਤੇ ਸਾਨੂੰ ਬਚਾਏ ਜਾਣ ਦੀ ਲੋੜ ਹੈ* (ਰਸੂਲਾਂ ਦੇ ਕੰਮ 4:10–12)।

6. *ਸਾਨੂੰ ਤੌਬਾ ਕਰਨ ਭਾਵ ਆਪਣੀਆਂ ਜ਼ਿੰਦਗੀ ਨੂੰ ਬਦਲਣ ਦੀ ਲੋੜ ਹੈ* (ਰਸੂਲਾਂ ਦੇ ਕੰਮ 2:38; 3:19; 17:30)।

7. *ਸਾਡੇ ਪਾਪ ਬਪਤਿਸਮਾ ਲੈਣ ਤੇ ਮਾਫ਼ ਹੁੰਦੇ ਹਨ* (ਰਸੂਲਾਂ ਦੇ ਕੰਮ 2:38; 22:16)।

8. *ਖ਼ੁਦਾ ਦੇ ਰਾਜ ਦੀ ਸੱਚਾਈ ਦਾ ਪ੍ਰਚਾਰ ਕੀਤਾ ਗਿਆ ਸੀ* (ਰਸੂਲਾਂ ਦੇ ਕੰਮ 8:12;

19:8; 20:25; 28:23, 31)।

ਹਬਸ਼ ਦੇਸ਼ ਦੇ ਖੋਜੇ ਨੂੰ ਬਪਤਿਸਮੇ ਤੋਂ ਪਹਿਲਾਂ ਕੀ ਪਤਾ ਲੱਗ ਸਕਦਾ ਸੀ? (ਵੇਖੋ ਰਸੂਲਾਂ ਦੇ ਕੰਮ 8:26–39.) ਫ਼ਿਲਿੱਪੁਸ ਨੇ ਉਸ ਨੂੰ ਯਸਾਯਾਹ 53'ਚੋਂ ਮਸੀਹ ਬਾਰੇ ਦੱਸਿਆ। ਯਿਸੂ ਬਾਰੇ ਉਸ ਨੇ ਇਸੇ ਨਬੂਵਤ 'ਚੋਂ ਦੱਸਿਆ ਸੀ ਕਿ ''ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ'' (ਆਇਤ 5); ''ਯਹੋਵਾਹ ਨੇ ਸਾਡੀ ਸਾਰਿਆਂ ਦੀ ਬਦੀ ਉਸ ਉੱਤੇ ਲੱਦੀ'' (ਆਇਤ 6); ''ਜਦ ਤੂੰ ਉਸ ਦੀ ਜਾਨ ਨੂੰ ਦੋਸ਼ ਦੀ ਬਲੀ ਠਹਿਰਾਵੇਂ'' (ਆਇਤ 10); ''ਆਪਣੇ ਗਿਆਨ ਨਾਲ ਮੇਰਾ ਧਰਮੀ ਦਾਸ ਬਹੁਤਿਆਂ ਨੂੰ ਧਰਮੀ ਠਹਿਰਾਵੇਗਾ, ਅਤੇ ਉਨ੍ਹਾਂ ਦੀਆਂ ਬਦੀਆਂ ਨੂੰ ਚੁੱਕ ਲਵੇਗਾ'' (ਆਇਤ 11); ''ਓਸ ਬਹੁਤਿਆਂ ਦੇ ਪਾਪ ਚੁੱਕੇ'' (ਆਇਤ 12)।

ਫ਼ਿਲਿੱਪੁਸ ਨੇ ਉਸ ਨੂੰ ਉਹੀ ਵਚਨ ਭਾਵ ''ਪਰਮੇਸ਼ੁਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ਖਬਰੀ'' (ਰਸੂਲਾਂ ਦੇ ਕੰਮ 8:12) ਹੀ ਸੁਣਾਈ ਹੋਵੇਗੀ ਜਿਹੜੀ ਉਸ ਨੇ ਸਾਮਰੀਆ ਵਿਚ ਸੁਣਾਈ ਸੀ। ਸੰਖੇਪ ਵਿਚ ਉਸ ਨੇ ''ਯਿਸੂ ਦੀ ਖੁਸ਼ਖ਼ਬਰੀ ਉਸ ਨੂੰ ਸੁਣਾਈ'' (ਰਸੂਲਾਂ ਦੇ ਕੰਮ 8:35)।

ਨਤੀਜਾ ਇਹ ਹੋਇਆ ਕਿ ਇਥੋਪੀਆ ਦੇ ਇਸ ਖੋਜੇ ਨੇ ਬਪਤਿਸਮਾ ਲੈਣਾ ਚਾਹਿਆ। ਅਸੀਂ ਨਿਚੋੜ ਕੱਢ ਸਕਦੇ ਹਾਂ ਕਿ ਉਸ ਨੂੰ ਸਮਝ ਆ ਗਈ ਸੀ ਕਿ ਯਿਸੂ ਹੀ ਮਸੀਹ ਹੈ ਜੋ ਉਸ ਦੇ ਪਾਪਾਂ ਲਈ ਮਰਿਆ ਸੀ ਉਸ ਨੂੰ ਪਤਾ ਲੱਗ ਗਿਆ ਸੀ ਕਿ ਮਸੀਹ ਦੇ ਰਾਜ ਵਿਚ ਵੜਨ ਲਈ ਉਹਦੇ ਵਾਸਤੇ ਨਵੇਂ ਸਿਰਿਓਂ ਪੈਦਾ ਹੋਣਾ ਜ਼ਰੂਰੀ ਹੈ (ਯੂਹੰਨਾ 3:5)। ਉਹ ਮਸੀਹ ਦੇ ਮਗਰ ਚੱਲਣ ਦਾ ਵਾਅਦਾ ਕਰਨ ਅਤੇ ਬਪਤਿਸਮਾ ਲੈ ਕੇ ਯਿਸੂ ਦੀ ਮੌਤ ਦੇ ਰਾਹੀਂ ਆਪਣੇ ਪਾਪਾਂ ਦੀ ਮਾਫ਼ੀ ਚਾਹੁੰਦਾ ਸੀ। ਯਕੀਨਨ ਹੀ ਮਸੀਹੀ ਬਣਨ ਦੇ ਚਾਹਵਾਨ ਹਰ ਸ਼ਖ਼ਸ ਨੂੰ ਇਨ੍ਹਾਂ ਗੱਲਾਂ ਦਾ ਪਤਾ ਹੋਣਾ ਜ਼ਰੂਰੀ ਹੈ।

## ਸਾਡੇ ਲਈ ਜੋ ਵਿਸ਼ਵਾਸ ਕਰਨਾ ਜ਼ਰੂਰੀ ਹੈ

ਬਚਾਏ ਜਾਣ ਲਈ ਸਾਨੂੰ ਬਪਤਿਸਮਾ ਲੈਣਾ ਜ਼ਰੂਰੀ ਹੈ (ਮਰਕੁਸ 16:16; 1 ਪਤਰਸ 3:21)। ਬਚਾਏ ਜਾਣ ਲਈ ਜਿਸ–ਜਿਸ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ, ਉਸੇ ਗੱਲ ਤੇ ਬਪਤਿਸਮਾ ਲੈਣ ਲਈ ਵੀ ਵਿਸ਼ਵਾਸ ਹੋਣਾ ਜ਼ਰੂਰੀ ਹੈ। ਸਾਨੂੰ ਹੇਠਾਂ ਦਿੱਤੀਆਂ ਗੱਲਾਂ ਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ:

- ਅਸੀਂ ਪਾਪੀ ਹਾਂ (1 ਤਿਮੋਥਿਉਸ 1:15)।
- ਖ਼ੁਦਾ ਹੈ ਅਤੇ ਉਹ ਆਪਣੇ ਭਾਲਣ ਵਾਲਿਆਂ ਨੂੰ ਫਲ ਦਿੰਦਾ ਹੈ (ਇਬਰਾਨੀਆਂ 11:6)।
- ਯਿਸੂ ''ਮੈਂ ਹਾਂ'' ਹੀ ਹੈ।[1]
- ਯਿਸੂ ਹੀ ਮਸੀਹ (ਯੂਹੰਨਾ 20:30, 31) ਅਤੇ ਪ੍ਰਭੂ (ਰਸੂਲਾਂ ਦੇ ਕੰਮ 2:36) ਹੈ ਜਿਸ ਤੋਂ ਭਾਵ ਇਹ ਹੈ ਕਿ ਅਸੀਂ ਉਹੀ ਕਰੀਏ ਜੋ ਉਹ ਚਾਹੁੰਦਾ ਹੈ (ਮੱਤੀ 7:21; ਲੂਕਾ 6:46)।
- ਯਿਸੂ ਦੇ ਵਚਨ (ਯੂਹੰਨਾ 5:47; 12:49, 50) ਅਤੇ ਖੁਸ਼ਖਬਰੀ (ਮਰਕੁਸ 16:15, 16; ਰੋਮੀਆਂ 1:16; ਅਫ਼ਸੀਆਂ 1:13) ਤੇ ਵਿਸ਼ਵਾਸ ਕਰਨਾ

ਜ਼ਰੂਰੀ ਹੈ।

- ਯਿਸੂ ਦੀ ਗਵਾਹੀ (ਯੂਹੰਨਾ 17:20; 2 ਥੱਸਲੁਨੀਕੀਆਂ 1:10) ਅਤੇ ਰਾਜ ਦੀ ਸਿੱਖਿਆ (ਰਸੂਲਾਂ ਦੇ ਕੰਮ 8:12) ਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ।
- ਯਿਸੂ ਜੀ ਉੱਠਿਆ ਹੈ (ਰੋਮੀਆਂ 10:9)।
- ਯਿਸੂ ਆਪਣੇ ਲਹੂ ਦੇ ਰਾਹੀਂ ਸਾਡੇ ਪਾਪਾਂ ਦਾ ਪ੍ਰਾਸਚਿਤ ਹੈ (ਰੋਮੀਆਂ 3:24, 25)।
- ਖ਼ੁਦਾ ਸਾਡੀਆਂ ਜ਼ਿੰਦਗੀਆਂ ਵਿਚ ਕੰਮ ਕਰਦਾ ਹੈ (ਕੁਲੁੱਸੀਆਂ 2:12)।

ਖ਼ੁਦਾ ਨੇ ਚੁਣ ਲਿਆ ਹੈ ਕਿ ਅਸੀਂ *ਕੀ* ਵਿਸ਼ਵਾਸ ਕਰੀਏ, ਪਰ ਉਸ ਨੂੰ ਸਾਨੂੰ ਇਹ ਸਮਝਾਉਣ ਦੀ ਲੋੜ ਨਹੀਂ ਹੈ ਕਿ ਉਸ ਨੇ ਇਹ *ਕਿਉਂ* ਚੁਣਿਆ ਹੈ ਕਿ ਅਸੀਂ *ਕੀ* ਵਿਸ਼ਵਾਸ ਕਰੀਏ ਅਤੇ *ਕੀ* ਕੰਮ ਕਰੀਏ। ਹੋ ਸਕਦਾ ਹੈ ਕਿ ਸਾਨੂੰ ਕਦੇ ਵੀ ਇਹ ਪਤਾ ਨਾ ਲੱਗੇ ਕਿ ਉਸ ਨੇ ਸਾਡੇ ਲਈ ਯਿਸੂ ਅਤੇ ਉਸ ਦੇ ਲਹੂ ਵਿਚ ਵਿਸ਼ਵਾਸ ਕਰਨ ਜਾਂ ਸਾਡੇ ਲਈ ਮਾਫ਼ੀ ਪਾਉਣ ਲਈ, ਤੌਬਾ ਕਰਨ, ਇਕਰਾਰ ਕਰਨ ਅਤੇ ਬਪਤਿਸਮੇ ਨੂੰ ਕਿਉਂ ਚੁਣਿਆ ਹੈ। ਸਾਨੂੰ ਇਹ ਪੁੱਛਣ ਦੀ ਲੋੜ ਨਹੀਂ ਹੈ ਕਿ ਉਸ ਨੇ ਅਜਿਹਾ *ਕਿਉਂ* ਚਾਹਿਆ। ਬਲਕਿ ਸਾਨੂੰ ਵਿਸ਼ਵਾਸ ਨਾਲ ਉਹ ਕੰਮ ਕਰਨਾ ਚਾਹੀਦਾ ਹੈ ਜੋ ਖ਼ੁਦਾ ਚਾਹੁੰਦਾ ਹੈ ਕਿ ਅਸੀਂ ਕਰੀਏ।

## ਸਾਨੂੰ ਜੋ ਸੰਕਲਪ ਲੈਣ ਦੀ ਲੋੜ ਹੈ

### ਇਕ ਨਵੀਂ ਸ਼੍ਰਿਸ਼ਟ ਬਣਨ ਦਾ

ਅਸੀਂ ਨਵੇਂ ਲੋਕ ਬਣਨਾ ਹੈ ਜੋ ਆਪਣੇ ਆਲੇ ਦੁਆਲੇ ਦੇ ਦੁਸ਼ਟ ਸੰਸਾਰ ਨਾਲੋਂ ਫ਼ਰਕ ਹੋਣ। ਅਸੀਂ ਯਿਸੂ ਦੀ ਸੇਵਾ ਵਿਚ ਜ਼ਿੰਦਾ ਕੁਰਬਾਨੀਆਂ ਦੇ ਰੂਪ ਵਿਚ ਆਪਣੀਆਂ ਦੇਹਾਂ ਨੂੰ ਦੇ ਦਿੱਤਾ ਹੈ। ਪੌਲੁਸ ਨੇ ਕਿਹਾ ਕਿ ''ਕਿਉਂ ਜੋ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਕੁਝ ਹੈ ਸਗੋਂ ਨਵੀਂ ਸ਼੍ਰਿਸ਼ਟ'' (ਗਲਾਤੀਆਂ 6:15)। ਉਸ ਨੇ ਇਹ ਵੀ ਲਿਖਿਆ:

> ਸੋ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖ਼ਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜਿਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ (ਰੋਮੀਆਂ 12:1, 2)।

> ਸੋ ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸ਼੍ਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ। (2 ਕੁਰਿੰਥੀਆਂ 5:17)।

ਦਿਲੋਂ ਹੁਕਮ ਮੰਨਣ ਕਰਕੇ ਬਪਤਿਸਮੇ ਵੇਲੇ ਇਹ ਨਵੀਂ ਸਰਿਸ਼ਟ ਅਤੇ ਆਪਣੀ ਕੁਰਬਾਨੀ ਹੁੰਦਾ ਹੈ (ਰੋਮੀਆਂ 6:4–7, 17, 18)। ਸਾਡੇ ਵੱਲੋਂ ਕੋਈ ਵੀ ਸਰੀਰਕ ਕੰਮ ਜੋ ਦਿਲੋਂ ਨਾ ਕੀਤਾ ਗਿਆ ਹੋਵੇ ਕਾਫ਼ੀ ਨਹੀਂ ਹੈ। ਜਿਵੇਂ ਕਿਸੇ ਸ਼ਰਾਬੀ ਨੂੰ ਪ੍ਰਾਰਥਨਾ ਭਵਨ ਦੇ

ਅਗਲੇ ਦਰਵਾਜ਼ੇ ਰਾਹੀਂ ਵਾੜ ਕੇ ਪਿਛਲੇ ਦਰਵਾਜ਼ੇ 'ਚੋਂ ਦੀ ਕੱਢਣ ਨਾਲ ਉਹਦੀ ਸ਼ਰਾਬ ਨਹੀਂ ਛੁੱਟ ਜਾਂਦੀ, ਉਵੇਂ ਹੀ ਅਸੀਂ ਪਾਣੀ ਵਿਚ ਡੁਬਕੀ ਲਾਉਣ ਨਾਲ ਬਦਲ ਨਹੀਂ ਜਾਂਦੇ। ਨਵੀਂ ਸ੍ਰਿਸ਼ਟ ਅਸੀਂ ਉਦੋਂ ਹੀ ਹੁੰਦੇ ਹਾਂ ਜਦ ਬਪਤਿਸਮਾ ਲੈਣ ਸਮੇਂ ਅਸੀਂ ਆਪਣੇ ਮਨ ਨੂੰ ਬਦਲਿਆ ਹੋਵੇ।

ਬਪਤਿਸਮੇ ਦੇ ਸੰਦਰਭ ਵਿਚ (ਰੋਮੀਆਂ 6:3−7) ਪੌਲੁਸ ਨੇ ਇਸ ਤਰ੍ਹਾਂ ਇਜ਼ਹਾਰ ਕੀਤਾ: ''ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ ਸਿੱਖਿਆ ਦੇ ਸੱਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ'' (ਰੋਮੀਆਂ 6:17, 18)।

ਖ਼ੁਦਾ ਚਾਹੁੰਦਾ ਹੈ ਕਿ ਅਸੀਂ ਆਪਣੇ ਪੁਰਾਣੇ ਚਾਲ ਚੱਲਣ ਨੂੰ ਲਾਹ ਕੇ ਨਵੇਂ ਨੂੰ ਪਹਿਨ ਲਈਏ। ਕੁਲੁੱਸੀਆਂ 3: 9, 10 ਕਹਿੰਦਾ ਹੈ, ''ਇਕ ਦੂਏ ਨਾਲ ਝੂਠ ਨਾ ਮਾਰੋ ਕਿਉਂ ਜੋ ਤੁਸਾਂ ਪੁਰਾਣੀ ਇਨਸਾਨੀਅਤ ਨੂੰ ਉਹ ਦੀਆਂ ਕਰਨੀਆਂ ਸਣੇ ਲਾਹ ਸੁੱਟਿਆ। ਅਤੇ ਨਵੀਂ ਨੂੰ ਪਹਿਨ ਲਿਆ ਜੋ ਪੂਰਨ ਗਿਆਨ ਲਈ ਆਪਣੇ ਰਚਣਹਾਰੇ ਦੇ ਸਰੂਪ ਤੇ ਨਹੀਂ ਬਣਦੀ ਜਾਂਦੀ ਹੈ।''

ਯਿਸੂ ਨੂੰ ਜਾਣ ਕੇ ਸਾਨੂੰ ਸਮਝ ਆ ਜਾਣੀ ਚਾਹੀਦੀ ਹੈ ਕਿ ਸਾਡੇ ਮਸੀਹੀ ਬਣਨ ਨਾਲ ਪਾਪ ਦੇ ਕੰਮ ਗੁਜ਼ਰੇ ਜ਼ਮਾਨੇ ਦੀ ਗੱਲ ਹੋ ਜਾਣ। ਅਫ਼ਸੀਆਂ 4:20−24 ਕਹਿੰਦਾ ਹੈ:

> ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ! ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿਚ ਹੈ ਤਿਵੇਂ ਉਸ ਵਿਚ ਤੁਸੀਂ ਸਿਖਾਏ ਗਏ ਹੋ। ਭਈ ਤੁਸੀਂ ਅਗਲੇ ਚੱਲਣ ਦੀ ਉਸ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। ਅਤੇ ਆਪਣੇ ਮਨ ਦੇ ਸੁਭਾਅ ਵਿਚ ਨਵੇਂ ਬਣੋ। ਅਤੇ ਨਵੀਂ ਇਨਸਾਨੀਅਤ ਨੂੰ ਪਹਿਨ ਲਓ ਜਿਹੜੀ *ਪਰਮੇਸ਼ੁਰ ਦੇ ਅਨੁਸਾਰ ਸਚਿਆਈ* ਦੇ ਧਰਮ ਅਤੇ ਪਵਿੱਤਰਤਾਈ ਵਿਚ ਉਤਪਤ ਹੋਈ।

ਨਵਜੰਮੇ ਬੱਚਿਆਂ ਨੂੰ ਬਪਤਿਸਮਾ ਦੇਣ ਦੀਆਂ ਔਕੜਾਂ ਵਿੱਚੋਂ ਇਕ ਇਹ ਹੈ ਕਿ ਬੱਚੇ ਨੂੰ ਬਪਤਿਸਮੇ ਨਾਲ ਹੋਣ ਵਾਲੇ ਬਦਲਾਵਾਂ ਦੀ ਸਮਝ ਨਹੀਂ ਆ ਸਕਦੀ ਜਿਸ ਕਰਕੇ ਉਹ ਆਪਣੇ ਆਪ ਨੂੰ ਬਦਲ ਨਹੀਂ ਸਕਦਾ। ਉਹ ਦਿਲੋਂ ਹੁਕਮ ਨਹੀਂ ਮੰਨ ਸਕਦਾ ਕਿਉਂਕਿ ਉਸ ਨੂੰ ਇਹ ਸਮਝ ਹੀ ਨਹੀਂ ਹੈ ਕਿ ਬਪਤਿਸਮਾ ਮਨ ਨੂੰ ਬਦਲਣ ਵਾਸਤੇ ਹੈ।

ਜਦ ਅਸੀਂ ਉਸ ਮੁਕਤੀ ਦੀ ਕਾਮਨਾ ਕਰਦੇ ਹਾਂ ਜੋ ਮਸੀਹ ਵਿਚ ਹੈ, ਤਾਂ ਸਾਨੂੰ ਉਸ ਵੱਲ ਸੰਜੀਦਾ ਮਨ ਨਾਲ ਮਾਫ਼ੀ ਪਾਉਣ ਦੀ ਖ਼ਾਹਿਸ਼ ਨਾਲ ਆਉਣਾ ਚਾਹੀਦਾ ਹੈ। ਸਾਨੂੰ ਬਪਤਿਸਮੇ ਵਿਚ ਉਹਦੇ ਨਾਲ ਦਫ਼ਨਾਏ ਜਾਣ ਵੇਲੇ ਉਹਦੇ ਨਾਲ ਨਵੀਂ ਸ੍ਰਿਸ਼ਟ ਬਣਨ ਦਾ ਸੰਕਲਪ ਲੈਣਾ ਚਾਹੀਦਾ ਹੈ। ਜੇ ਬਪਤਿਸਮਾ ਲੈਣ ਦਾ ਸਾਡਾ ਮਕਸਦ ਇਸ ਤੋਂ ਘੱਟ ਹੈ, ਤਾਂ ਅਸੀਂ ਬਪਤਿਸਮੇ ਦੇ ਅਰਥ ਨੂੰ ਸਮਝ ਨਹੀਂ ਰਹੇ।

**ਚੇਲਾ ਬਣਨ ਲਈ**

ਯੂਹੰਨਾ ਦਾ ਬਪਤਿਸਮਾ ਲੈ ਕੇ ਉਸ ਦੇ ਚੇਲੇ ਬਣਨ ਵਾਲਿਆਂ ਵਾਂਗ, ਯਿਸੂ ਤੋਂ ਬਪਤਿਸਮਾ ਲੈਣ ਵਾਲੇ ਵੀ ਉਸ ਦੇ ਚੇਲੇ ਬਣ ਗਏ ਸਨ (ਯੂਹੰਨਾ 4:1)। ''ਚੇਲੇ'' (ਯੂ.:

*mathetes*) ਸ਼ਬਦ ਦੀ ਵਰਤੋਂ ਉਨ੍ਹਾਂ ਲੋਕਾਂ ਲਈ ਕੀਤੀ ਜਾਂਦੀ ਹੈ ਜੋ ਇਸੇ ਤੋਂ ਉਸ ਦੀ ਸਿੱਖਿਆ ਨੂੰ ਮੰਨਣ ਲਈ ਸਿੱਖ ਰਹੇ ਹੁੰਦੇ ਹਨ। ਕਿਸੇ ਵਿਅਕਤੀ ਦੇ ਨਾਂਅ ਵਿਚ ਬਪਤਿਸਮਾ ਲੈਣ ਤੋਂ ਭਾਵ ਇਹ ਸੀ ਕਿ ਬਪਤਿਸਮਾ ਲੈਣ ਵਾਲਾ ਵਿਅਕਤੀ ਉਸ ਵਿਅਕਤੀ ਦੀ ਸਿੱਖਿਆ ਨੂੰ ਮੰਨ ਰਿਹਾ ਸੀ ਅਤੇ ਉਸ ਦਾ ਪੈਰੋਕਾਰ ਬਣ ਰਿਹਾ ਸੀ।

1 ਕੁਰਿੰਥੀਆਂ ਵਿਚ ਪੌਲੁਸ ਕੁਰਿੰਥੁਸ ਦੀ ਕਲੀਸੀਆ ਵਿਚ ਪਾਈ ਜਾਣ ਵਾਲੀ ਫੁੱਟ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਹੁਤ ਸਾਰੇ ਮੈਂਬਰ ਆਖ ਰਹੇ ਸਨ ਕਿ ਉਹ ਪੌਲੁਸ, ਅਪੁੱਲੋਸ ਅਤੇ ਕੈਫ਼ਾ (ਪਤਰਸ; ਵੇਖੋ ਯੂਹੰਨਾ 1:42) ਵਰਗੇ ਮਸ਼ਹੂਰ ਮਸੀਹੀ ਲੋਕਾਂ ਦੇ ਪੈਰੋਕਾਰ ਹਨ (1 ਕੁਰਿੰਥੀਆਂ 1:10–16)। ਪੌਲੁਸ ਨੇ ਉਨ੍ਹਾਂ ਤੋਂ ਪੁੱਛਿਆ ਕਿ ਭਲਾ ਉਨ੍ਹਾਂ ਨੇ ਪੌਲੁਸ ਦੇ ਨਾਂਅ ਵਿਚ ਬਪਤਿਸਮਾ ਲਿਆ ਸੀ (1 ਕੁਰਿੰਥੀਆਂ 1:13)। ਕਹਿਣ ਤੋਂ ਭਾਵ ਇਹ ਹੈ ਕਿ ਜੇ ਉਨ੍ਹਾਂ ਨੂੰ ਪੌਲੁਸ ਦੇ ਨਾਂਅ ਵਿਚ ਬਪਤਿਸਮਾ ਨਹੀਂ ਮਿਲਿਆ ਸੀ ਤਾਂ ਉਨ੍ਹਾਂ ਨੂੰ ਇਹ ਦਾਅਵਾ ਨਹੀਂ ਕਰਨਾ ਚਾਹੀਦਾ ਸੀ ਕਿ ਉਹ ਪੌਲੁਸ ਦੇ ਪੈਰੋਕਾਰ ਹਨ।

ਜਦ ਅਸੀਂ ਯਿਸੂ ਦੇ ਨਾਂਅ ਵਿਚ ਬਪਤਿਸਮਾ ਲੈਂਦਾ ਹਾਂ, ਤਾਂ ਸਾਨੂੰ ਇਹ ਸਮਝ ਹੋਣੀ ਲਾਜ਼ਮੀ ਹੈ ਕਿ ਅਸੀਂ ਉਸ ਦੇ ਪੈਰੋਕਾਰ ਹਾਂ ਭਾਵ ਉਹ ਸਾਡਾ ਪ੍ਰਭੂ ਹੈ ਅਤੇ ਅਸੀਂ ਉਸ ਦੇ ਸੇਵਕ ਬਣ ਰਹੇ ਹਾਂ। ਹੁਣ ਅਸੀਂ ਪਾਪ ਦੀ ਸੇਵਾ ਨਹੀਂ ਕਰਾਂਗੇ ਬਲਕਿ ਇਸ ਦੇ ਉਲਟ ਯਿਸੂ ਦੀ ਸੇਵਾ ਕਰਾਂਗੇ। ਸਾਡੇ ਲਈ ਉਸ ਨੂੰ ਪ੍ਰਭੂ ਦੇ ਰੂਪ ਵਿਚ ਕਬੂਲ ਕਰਨਾ ਅਤੇ ਆਪਣੇ ਸਿਰ ਦੇ ਰੂਪ ਵਿਚ ਮੰਨਣਾ ਜ਼ਰੂਰੀ ਹੈ (ਅਫ਼ਸੀਆਂ 5:24)।

## ਸਾਰ

ਬਪਤਿਸਮਾ ਇਕ ਸਰੀਰਕ ਕੰਮ ਹੈ ਜਿਸ ਦੇ ਸਬੰਧ ਅਤੇ ਅਰਥ ਰੂਹਾਨੀ ਹਨ। ਇਨ੍ਹਾਂ ਦੇ ਬਗ਼ੈਰ ਬਪਤਿਸਮੇ ਦੀ ਕੋਈ ਅਹਿਮੀਅਤ ਨਹੀਂ ਹੈ। ਬਾਈਬਲ ਦੇ ਨਜ਼ਰੀਏ ਵਿਚ ਬਪਤਿਸਮਾ ਲੈਣ ਲਈ ਸਾਨੂੰ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਅਸੀਂ ਪਾਪਾਂ ਦੀ ਮਾਫ਼ੀ ਪਾ ਕੇ ਖ਼ੁਦਾ ਨਾਲ ਵਿਗੜੇ ਸਬੰਧ ਨੂੰ ਸੁਧਾਰ ਰਹੇ ਹਾਂ। ਸਾਡੇ ਲਈ ਪਾਪ ਭਰੀ ਜ਼ਿੰਦਗੀ ਨੂੰ ਛੱਡਣ ਅਤੇ ਆਪਣੇ ਇੱਕੋ ਇਕ ਪ੍ਰਭੂ ਅਤੇ ਮਾਲਕ ਦੇ ਰੂਪ ਵਿਚ ਯਿਸੂ ਅੱਗੇ ਸਮਰਪਣ ਦੀ ਨਵੀਂ ਜ਼ਿੰਦਗੀ ਵਿਚ ਦਾਖ਼ਲ ਹੋਣਾ ਜ਼ਰੂਰੀ ਹੈ।

ਟਿੱਪਣੀ

[1]ਯਿਸੂ ਨੇ ਕਿਹਾ, ''ਮੈਂ ਉਹੋ ਹਾਂ।'' ਯੂਨਾਨੀ ਭਾਸ਼ਾ ਵਿਚ ''ਉਹੋ'' ਨਹੀਂ ਹੈ (ਯੂਹੰਨਾ 8:24; ਵੇਖੋ 8:28, 58; 13:19), ਇਸ ਕਰਕੇ ਪੰਜਾਬੀ ਬਾਈਬਲ ਪੜ੍ਹਨਾ ਚਾਹੀਦਾ ਹੈ ਕਿ ਯਿਸੂ ਨੇ ਕਿਹਾ, ''ਮੈਂ ਹਾਂ।''

---

# ਇੰਜੀਲ ਅਤੇ ਬਪਤਿਸਮਾ

ਇੰਜੀਲ ਨੂੰ ਸੁਣ ਕੇ ਵਿਸ਼ਵਾਸ ਦੇ ਬਗ਼ੈਰ ਸਾਡਾ ਬਪਤਿਸਮਾ ਫ਼ਜ਼ੂਲ ਹੈ। ਇਸੇ ਲਈ ਪੌਲੁਸ ਨੇ ਲਿਖਿਆ ਸੀ, ''ਕਿਉਂ ਜੋ ਮਸੀਹ ਨੇ ਮੈਨੂੰ ਬਪਤਿਸਮਾ ਦੇਣ ਲਈ ਨਹੀਂ ਸਗੋਂ ਖੁਸ਼ਖਬਰੀ ਸੁਣਾਉਣ ਲਈ ਘੱਲਿਆ'' (1 ਕੁਰਿੰਥੀਆਂ 1:17ੳ)। ਪੌਲੁਸ ਇਹ ਨਹੀਂ ਆਖ ਰਿਹਾ ਸੀ

ਕਿ ਬਪਤਿਸਮੇ ਦੀ ਲੋੜ ਨਹੀਂ ਹੈ ਬਲਕਿ ਉਹ ਇੰਜੀਲ ਦੀ ਅਹਿਮੀਅਤ ਤੇ ਜ਼ੋਰ ਦੇ ਰਿਹਾ ਸੀ। ਇਸ ਆਇਤ ਵਿਚ ਯੂਨਾਨੀ ਮੁਹਾਵਰੇ ''ਨਹੀਂ ਸਗੋਂ'' ਦਾ ਅਰਥ ਇਹ ਨਹੀਂ ਸੀ ਕਿ ਪੌਲੁਸ ਨੇ ਕਿਸੇ ਨੂੰ ਬਪਤਿਸਮਾ ਨਹੀਂ ਦੇਣਾ ਸੀ, ਕਿਉਂਕਿ ਬਪਤਿਸਮਾ ਤਾਂ ਉਸ ਨੇ ਦਿੱਤਾ (1 ਕੁਰਿੰਥੀਆਂ 1:14–16); ਬਲਕਿ ਇਸ ਦਾ ਅਰਥ ਇਹ ਸੀ ਕਿ ਉਸ ਨੂੰ ਇੰਜੀਲ ਤੇ ਜ਼ੋਰ ਦੇਣਾ ਚਾਹੀਦਾ ਸੀ।[1]

ਪੌਲੁਸ ਸਮਝਾ ਰਿਹਾ ਸੀ ਕਿ ਭਾਵੇਂ ਬਪਤਿਸਮਾ ਇੰਜੀਲ ਦਾ ਹਿੱਸਾ ਹੈ, ਪਰ ਪੂਰੀ ਇੰਜੀਲ ਦੇ ਬਗ਼ੈਰ ਇਹ ਕਿਸੇ ਨੂੰ ਬਚਾ ਨਹੀਂ ਸਕਦਾ, ਕਿਉਂਕਿ ਬਚਾਉਣ ਦੀ ਸ਼ਕਤੀ ਇੰਜੀਲ ਵਿਚ ਹੀ ਹੈ (ਰੋਮੀਆਂ 1:16; ਅਫ਼ਸੀਆਂ 1:13) ਨਾ ਕਿ ਬਪਤਿਸਮੇ ਵਿਚ। ਅਸੀਂ ਵਿਸ਼ਵਾਸ ਕਰਨ, ਤੌਬਾ ਕਰਨ, ਇਕਰਾਰ ਕਰਨ ਅਤੇ ਬਪਤਿਸਮਾ ਲੈਣ ਨਾਲ ਨਹੀਂ ਬਚਾਏ ਜਾਂਦੇ। ਬਚਾਉਂਦਾ ਤਾਂ ਯਿਸੂ ਦਾ ਲਹੂ ਹੀ ਹੈ; ਪਰ ਬਚਾਏ ਜਾਣ ਤਕ ਪਹੁੰਚਾਉਣ ਵਾਲੇ ਤੌਬਾ, ਇਕਰਾਰ, ਅਤੇ ਬਪਤਿਸਮੇ ਦੇ ਬਗ਼ੈਰ ਯਿਸੂ ਦਾ ਲਹੂ ਸਾਨੂੰ ਬਚਾਵੇਗਾ ਨਹੀਂ। ਇੰਜੀਲ ਨੂੰ ਮੰਨਣ ਲਈ ਸਾਡੇ ਲਈ ਖ਼ੁਦਾ ਦੇ ਵਚਨ ਨੂੰ ਸੁਣਨਾ ਜ਼ਰੂਰੀ ਹੈ।

ਬਚਾਏ ਜਾਣ ਦੇ ''ਕੀ?'' ਅਤੇ ''ਕਦ?'' ਵਿਚ ਫ਼ਰਕ ਹੈ। ਯਿਸੂ ਦੀ ਮੌਤ ਵਿਚ ਵਹਾਇਆ ਗਿਆ ਉਸ ਦਾ ਲਹੂ ਹੀ ਹੈ *ਜੋ* ਸਾਨੂੰ ਬਚਾਉਂਦਾ ਹੈ। ਇਕ ਪੁਰਾਣੇ ਗੀਤ ਵਿਚਲਾ ਇਹ ਸਵਾਲ ਕਿ ''ਦਿਲ ਕੇ ਦਾਗ਼ ਕੋ ਧੋਵੇ ਕੌਣ?'' ਅਤੇ ਫਿਰ ਇਸ ਦਾ ਜਵਾਬ ਕਿ ''ਲਹੂ ਜੋ ਕਿ ਕਰੂਸ ਸੇ ਜਾਰੀ'' ਬਿਲਕੁਲ ਸਹੀ ਹੈ। ਸਾਡਾ ਕੀਤਾ ਗਿਆ ਕੋਈ ਕੰਮ ਸਾਨੂੰ ਮੁਕਤੀ ਨਹੀਂ ਦੁਆ ਸਕਦਾ (ਅਫ਼ਸੀਆਂ 2:8, 9); ਮੁਕਤੀ ਸਿਰਫ਼ ਯਿਸੂ ਦਾ ਲਹੂ ਵੀ ਦੁਆ ਸਕਦਾ ਹੈ (ਮੱਤੀ 26:28; 1 ਪਤਰਸ 1:18, 19)।

ਯਿਸੂ ਦਾ ਲਹੂ ਸਾਡੇ ਪਾਪ *ਕਦੋਂ* ਧੋਂਦਾ ਹੈ? ਜਦ ਅਸੀਂ ਉਸ ਦੀ ਗੱਲ ਮੰਨਦੇ ਹਾਂ ਭਾਵ ਵਿਸ਼ਵਾਸ ਕਰਦੇ ਤੌਬਾ ਕਰਦੇ ਅਤੇ ਬਪਤਿਸਮਾ ਲੈਂਦਾ ਹਾਂ। ਯਿਸੂ ਨੇ ਸਾਡੇ ਪਾਪ ਦਾ ਕਰਜ਼ਾ ਲਾਹ ਦਿੱਤਾ ਹੈ, ਅਤੇ ਸਾਡੇ ਲਈ ਆਪਣੀ ਮੌਤ ਦੇ ਰਾਹੀਂ ਉਸ ਵੱਲੋਂ ਮੁਹੱਈਆ ਕਰਵਾਈ ਗਈ ਮੁਕਤੀ ਨੂੰ ਪਾਉਣ ਲਈ ਉਸ ਦੀ ਗੱਲ ਮੰਨਣਾ ਜ਼ਰੂਰੀ ਹੈ (ਇਬਰਾਨੀਆਂ 5:9)। ਇਸ ਲਈ ਬਚਾਏ ਜਾਣ ਵਿਚ ''ਕੀ?'' ਅਤੇ ''ਕਦੋਂ?'' ਉਹ ਵਕਤ ਹੈ ਜਦ ਅਸੀਂ ਉਸ ਦੀ ਗੱਲ ਮੰਨਦੇ ਹਾਂ।

ਸਹੀ ਨਜ਼ਰੀਏ ਵਿਚ ਵਿਸ਼ਵਾਸ ਕਰਨਾ, ਤੌਬਾ ਕਰਨਾ, ਇਕਰਾਰ ਕਰਨਾ ਅਤੇ ਬਪਤਿਸਮਾ ਲੈਣਾ ਇੰਜੀਲ ਨੂੰ ਕਬੂਲ ਕਰਨ ਲਈ ਜ਼ਰੂਰੀ ਹੈ। ਇੰਜੀਲ ਉਹ ਸੱਚਾਈ ਹੈ ਕਿ ਕਿਵੇਂ ਯਿਸੂ ਨੇ ਆਪਣੇ ਆਪ ਨੂੰ ਸਾਡੇ ਪਾਪਾਂ ਲਈ ਦੇ ਦਿੱਤਾ, ਪਾਪ ਦੀ ਕੀਮਤ ਅਦਾ ਕਰ ਦਿੱਤੀ, ਆਪਣੇ ਲਹੂ ਨਾਲ ਸਾਡੇ ਪਾਪਾਂ ਨੂੰ ਮਾਫ਼ ਕਰ ਦਿੱਤਾ ਹੈ ਅਤੇ ਕਿਵੇਂ ਸੰਸਾਰ ਦੇ ਹਾਕਮ ਦੇ ਰੂਪ ਵਿਚ ਸਾਡੀ ਸਿਫ਼ਾਰਿਸ਼ ਕਰਨ ਲਈ ਹਮੇਸ਼ਾ ਤਕ ਜ਼ਿੰਦਾ ਹੈ। ਸਾਡੇ ਲਈ ਉਸ ਨੇ ਜਿਹੜੀ ਫ਼ਤਹਿ ਪਾਈ ਹੈ ਉਹ ਸਾਡੀ ਹੀ ਫ਼ਤਹਿ ਹੈ, ਅਸੀਂ ਆਪਣੇ ਪਾਪਾਂ ਲਈ ਮਰ ਜਾਈਏ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਉਸ ਨੂੰ ਪ੍ਰਭੂ ਅਤੇ ਹਾਕਮ ਜਾਣ ਕੇ ਸੌਂਪ ਦਈਏ।

---

ਟਿੱਪਣੀ

[1]ਯੂਨਾਨੀ ਭਾਸ਼ਾ ਵਿਚ ਇਹ ਸੰਰਚਨਾ, ਜਿਸਦਾ ਅਰਥ ਹੈ ਕਿ ਪਹਿਲੇ ਇਜ਼ਹਾਰ ਤੇ ਦੂਜੇ ਇਜ਼ਹਾਰ ਜਿੰਨਾ ਜ਼ੋਰ ਨਹੀਂ ਦਿੱਤਾ ਗਿਆ, ਯੂਹੰਨਾ 6:27; 12:47; 1 ਤਿਮੋਥਿਉਸ 5:23; 1 ਪਤਰਸ 3:3, 4 ਅਤੇ ਹੋਰ ਕਈ ਥਾਵਾਂ ਤੇ ਮਿਲਦੀ ਹੈ।